# Visit of Minister of State for External Affairs Shri V| Muraleedharan to Ghana from 6-7 January 2021

January 07, 2021

---

## ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ| ਮੁਰਲੀਧਰਨ ਦੀ 6-7 ਜਨਵਰੀ, 2021 ਤੱਕ ਘਾਨਾ ਦੀ ਫੇਰੀ

7 ਜਨਵਰੀ, 2021

1. ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਇਸ ਸਮੇਂ ਘਾਨਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਮਹਾਮਹਿਮ ਨਾਨਾ ਐਡੋ ਡੰਕਵਾ ਏਕੁਫੋ-ਐਡੋ ਦੇ 7 ਜਨਵਰੀ 2021 ਨੂੰ ਹੋਣ ਵਾਲੇ ਸਹੁੰ ਚੁੱਕ ਸਮਾਰੋਹ ਵਿੱਚ ਭਾਗ ਲੈਣ ਲਈ ਅਕਰਾ (ਘਾਨਾ) ਦੀ ਫੇਰੀ ਕਰ ਰਹੇ ਹਨ। ਇਸ ਫੇਰੀ ਦੌਰਾਨ ਵਿਦੇਸ਼ ਰਾਜ ਮੰਤਰੀ ਨੇ ਘਾਨਾ ਦੀ ਮਲਿਆਲੀ ਐਸੋਸੀਏਸ਼ਨ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ ਹੈ ਅਤੇ ਹਾਈ ਕਮਿਸ਼ਨਰ ਵੱਲੋਂ ਸਮੁਦਾਇਕ ਸਵਾਗਤ ਸਮਾਰੋਹ ਦੌਰਾਨ ਭਾਰਤੀ ਭਾਈਚਾਰੇ ਨਾਲ ਗੱਲਬਾਤ ਕੀਤੀ ਅਤੇ 6 ਜਨਵਰੀ ਨੂੰ ਪ੍ਰਵਾਸੀ ਭਾਰਤੀ ਦਿਵਸ ਦੇ ਸਮਾਗਮਾਂ ਦਾ ਉਦਘਾਟਨ ਕੀਤਾ। ਇਸ ਸਮਾਗਮ ਦੌਰਾਨ ਵਿਦੇਸ਼ ਰਾਜ ਮੰਤਰੀ ਨੇ ਘਾਨਾ ਵਿੱਚ ਭਾਰਤੀ ਭਾਈਚਾਰਾ ਮੰਚ ਦੀ ਸ਼ੁਰੂਆਤ ਵੀ ਕੀਤੀ। ਭਾਰਤੀ ਹਾਈ ਕਮਿਸ਼ਨਰ ਨੇ ਮੰਤਰੀ ਦੇ ਸਨਮਾਨ ਵਿੱਚ ਡਿਨਰ ਦਿੱਤਾ, ਜਿਸ ਵਿੱਚ ਘਾਨਾ ਦੇ ਸੀਨੀਅਰ ਮੰਤਰੀਆਂ ਅਤੇ ਪਤਵੰਤਿਆਂ ਨੇ ਸ਼ਿਰਕਤ ਕੀਤੀ। ਵਿਦੇਸ਼ ਰਾਜ ਮੰਤਰੀ 7 ਜਨਵਰੀ ਨੂੰ ਘਾਨਾ ਦੇ ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਰੋਹ ਵਿੱਚ ਹਿੱਸਾ ਲੈਣਗੇ। ਇਸ ਸਮਾਗਮ ਉਪਰੰਤ ਉਹ ਵੱਖ-ਵੱਖ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕਰਨ ਲਈ ਘਾਨਾ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨਗੇ। ਵਿਦਾਈ ਤੋਂ ਪਹਿਲਾਂ ਉਹ ਘਾਨਾ ਭਾਰਤੀ ਸੰਘ, ਜੋ ਘਾਨਾ ਅੰਦਰ ਰਹਿ ਰਹੇ ਭਾਰਤੀਆਂ ਦੀ ਐਸੋਸੀਏਸ਼ਨ ਹੈ, ਦੇ ਮੈਂਬਰਾਂ ਨਾਲ ਗੱਲਬਾਤ ਕਰਨਗੇ।

2. ਘਾਨਾ ਨਾਲ ਭਾਰਤ ਦੇ ਆਪਸੀ ਵਿਸ਼ਵਾਸ, ਵਿਕਾਸ ਵਿੱਚ ਭਾਈਵਾਲੀ ਅਤੇ ਵੱਡੇ ਭਾਰਤੀ ਪ੍ਰਵਾਸੀ ਭਾਈਚਾਰੇ ਦੀ ਮੌਜੂਦਗੀ ਸਦਕਾ ਨੇੜਲੇ, ਨਿੱਘੇ ਅਤੇ ਦੋਸਤਾਨਾ ਸਬੰਧ ਹਨ ਹਨ। ਪਿਛਲੇ ਸਮੇਂ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਭਾਰਤ ਦੀ ਘਾਨਾ ਨਾਲ ਸਾਂਝ ਹੋਰ ਤੇਜ਼ ਹੋਈ ਹੈ। ਦੋਵਾਂ ਦੇਸ਼ਾਂ ਦਰਮਿਆਨ ਬਾਕਾਇਦਾ ਤੌਰ 'ਤੇ ਉੱਚ ਪੱਧਰੀ ਦੌਰੇ ਹੁੰਦੇ ਰਹੇ ਹਨ, ਜਿਨ੍ਹਾਂ ਵਿੱਚ ਭਾਰਤੀ ਰਾਸ਼ਟਰਪਤੀ ਦੀ 12-14 ਜੂਨ, 2016 ਤੱਕ ਘਾਨਾ ਦੀ ਯਾਤਰਾ, ਰਾਸ਼ਟਰਪਤੀ ਅਕੂਫੋ-ਐਡੋ ਦੀ ਮਾਰਚ, 2018 ਵਿੱਚ ਕੌਮਾਂਤਰੀ ਸੂਰਜੀ ਗਠਜੋੜ ਦੀ ਸਥਾਪਨਾ ਕਾਨਫਰੰਸ ਲਈ ਕੀਤੀ ਗਈ ਭਾਰਤ ਦੀ ਯਾਤਰਾ ਅਤੇ ਘਾਨਾ ਦੇ ਉਪ-ਰਾਸ਼ਟਰਪਤੀ ਮੋਹੰਮਦੂ ਬਵੂਮਿਆਂ ਵੱਲੋਂ ਮਾਰਚ, 2019 ਵਿੱਚ 14ਵੀਂ CII -EXIM ਬੈਂਕ ਕਨਕਲੇਵ ਵਿੱਚ ਭਾਗ ਲੈਣ ਲਈ ਕੀਤੀ ਗਈ ਯਾਤਰਾ ਸ਼ਾਮਲ ਹੈ। ਭਾਰਤ ਨੇ ਘਾਨਾ ਨੂੰ ਖੇਤੀਬਾੜੀ, ਪਾਣੀ, ਆਵਾਜਾਈ, ਟ੍ਰਾਂਸਮਿਸ਼ਨ ਲਾਈਨਾਂ, ਬੁਨਿਆਦੀ ਢਾਂਚਾ ਆਦਿ ਲਈ ਰਿਆਇਤੀ ਕਰਜ਼ਾ ਵੀ ਦਿੱਤਾ ਹੈ। ਇਸ ਤੋਂ ਛੁੱਟ ਘਾਨਾ ਨੇ ਭਾਰਤ ਤੋਂ ਟੇਮਾ-ਮਪਾਕਦਾਨ ਰੇਲਵੇ ਲਾਈਨ ਦੀ ਉਸਾਰੀ ਸਮੇਤ ਕਈ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਲਈ ਕਰਜ਼ਾ ਲਿਆ ਹੈ। ਭਾਰਤ ਨੇ ਘਾਨਾ ਦੇ ਰਾਸ਼ਟਰਪਤੀ ਦੇ ਦਫਤਰ ਜੁਬਲੀ ਹਾਊਸ ਅਤੇ ਭਾਰਤ-ਘਾਨਾ ਕੋਫੀ ਅੰਨਨ ICT ਸੈਂਟਰ ਆਫ ਐਕਸੀਲੈਂਸ ਸਮੇਤ ਕਈ ਪ੍ਰਮੁੱਖ ਗ੍ਰਾਂਟ ਪ੍ਰੋਜੈਕਟ ਬਣਾਏ ਹਨ। ਘਾਨਾ ਭਾਰਤੀ ਤਕਨੀਕੀ ਅਤੇ ਆਰਥਿਕ ਸਹਿਕਾਰਤਾ (ITEC) ਪ੍ਰੋਗਰਾਮ ਅਤੇ ICCR ਸਿੱਖਿਅਕ ਵਜ਼ੀਫੇ ਪ੍ਰੋਗਰਾਮ ਦਾ ਵੀ ਵੱਡਾ ਲਾਭਪਾਤਰੀ ਹੈ। ਦੋਨਾਂ ਮੁਲਕਾਂ ਦਾ ਦੁਵਾਲਾ ਵਪਾਰ 2018-19 ਵਿੱਚ

4।5 ਅਰਬ ਅਮਰੀਕੀ ਡਾਲਰ ਅਤੇ 2019-20 ਵਿੱਚ 2।4 ਅਰਬ ਡਾਲਰ ਦਾ ਸੀ। ਭਾਰਤ ਘਾਨਾ ਅੰਦਰ ਸਭ ਤੋਂ ਵੱਡੇ ਨਿਵੇਸ਼ਕਾਂ ਵਿਚੋਂ ਇੱਕ ਹੈ। 1994 ਤੋਂ 2019 ਤੱਕ ਭਾਰਤੀ ਕੰਪਨੀਆਂ ਨੇ ਘਾਨਾ ਦੇ ਅਰਥਚਾਰੇ ਦੇ ਵੱਖ ਵੱਖ ਖੇਤਰਾਂ 'ਚ ਬਣੇ 730 ਪ੍ਰਾਜੈਕਟਾਂ 'ਤੇ 1।7 ਅਰਬ ਅਮਰੀਕੀ ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਹੈ।

3. ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਰੋਹ ਵਿੱਚ ਰਾਜ ਮੰਤਰੀ ਦੀ ਸ਼ਮੂਲੀਅਤ ਘਾਨਾ ਨਾਲ ਸਾਡੇ ਦੁਵੱਲੇ ਸੰਬੰਧਾਂ ਦੀ ਮਹੱਤਤਾ ਨੂੰ ਦਰਸਾਉਂਦੀ ਹੈ। ਇਸ ਫੇਰੀ ਨਾਲ ਸਾਡੀ ਦੁਵੱਲੀ  ਭਾਈਵਾਲੀ ਨੂੰ ਹੋਰ ਰਫਤਾਰ ਮਿਲਣ ਅਤੇ ਸਾਡੇ ਲੋਕਾਂ ਦੀ ਆਪਸੀ ਸਦਭਾਵਨਾ 'ਚ ਵਾਧਾ ਹੋਣ ਦੀ ਆਸ ਕੀਤੀ ਜਾਂਦੀ ਹੈ।

7 ਜਨਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.